THE PUNJAB STATE BOARD OF TECHNICAL
EDUCATION AND INDUSTRIAL TRAINING

Plot No. 1-A, Sec. 36-A, Chandigarh Ph.: 0172-2615385 Fax: 2664333 e-mail: celtipb@gmail.com

ਪੀ.ਐਸ.ਬੀ./ਆਈ.ਟੀ/16/3185 ਅਤਿ ਜ਼ਰੂਰੀ/ਸਮਾਂ ਬੱਧ ਮਿਤੀ:14.12.16

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ ਅਤੇ ਪ੍ਰਾਈਵੇਟ ਪ੍ਰੀਖਿਆ ਕੇਂਦਰ ,
ਜੁਲਾਈ/ਅਗਸਤ 2016 ਐਨ.ਸੀ.ਵੀ.ਟੀ ਅਤੇ ਐਸ.ਸੀ.ਵੀ.ਟੀ ਸਮੈਸਟਰ ਸਿਸਟਮ ਪ੍ਰੀਖਿਆ,
ਪੰਜਾਬ।

**ਵਿਸ਼ਾ :** **ਪ੍ਰੀਖਿਆ ਜੁਲਾਈ/ਅਗਸਤ-2016 ਦੌਰਾਨ ਪ੍ਰਯੋਗ ਵਿੱਚ ਨਾ ਆਈਆਂ ਓ.ਐਮ.ਆਰ ਸ਼ੀਟਾਂ (ਐਨ.ਸੀ.ਵੀ.ਟੀ ਅਤੇ ਐਸ.ਸੀ.ਵੀ.ਟੀ ਨਾਲ ਸਬੰਧਤ Unused OMR Sheets) ਬੋਰਡ ਦਫਤਰ ਵਿਖੇ ਜਮ੍ਹਾਂ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸਮੂਹ ਸਰਕਾਰੀ/ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ, ਜਿਹਨਾਂ ਨੂੰ ਕਿ ਜੁਲਾਈ/ਅਗਸਤ-2016 ਦੀ ਐਨ.ਸੀ.ਵੀ.ਟੀ/ਐਸ.ਸੀ.ਵੀ.ਟੀ ਪ੍ਰੀਖਿਆ ਦੌਰਾਨ ਪ੍ਰੀਖਿਆ ਸੈਂਟਰ ਬਣਾਇਆ ਗਿਆ ਸੀ, ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਪ੍ਰੀਖਿਆ ਦੌਰਾਨ ਆਪ ਜੀ ਦੀ ਸੰਸਥਾ ਪਾਸ ਅਤੇ ਆਪ ਜੀ ਦੇ ਅਧੀਨ ਬਣਾਏ ਗਏ ਸਬ-ਸੈਂਟਰਾਂ ਪਾਸ ਜਿਹੜੀਆਂ ਵੀ ਓ.ਐਮ.ਆਰ ਸ਼ੀਟਾਂ (ਐਨ.ਸੀ.ਵੀ.ਟੀ ਅਤੇ ਐਸ.ਸੀ.ਵੀ.ਟੀ) ਪ੍ਰਯੋਗ ਵਿੱਚ ਨਹੀਂ ਆਈਆਂ ਹਨ (Unused OMR sheets) ਅਤੇ ਆਪ ਦੇ ਰਿਕਾਰਡ ਵਿੱਚ ਉਪਲਬਧ ਹਨ, ਉਹਨਾਂ ਓ.ਐਮ.ਆਰ ਸ਼ੀਟਾਂ (ਅਧੀਨ ਸਬ ਸੈਂਟਰਾਂ ਤੋਂ ਬਚੀਆਂ ਓ.ਐਮ.ਆਰ ਸ਼ੀਟਾਂ ਵੀ ਮੁੱਖ ਪ੍ਰੀਖਿਆ ਸੈਂਟਰ ਵੱਲੋਂ ਹੀ ਇਕੱਠੀਆਂ ਕੀਤੀਆਂ ਜਾਣੀਆਂ ਹਨ) ਨੂੰ ਹਰ ਹਾਲਤ ਵਿੱਚ ਮਿਤੀ 16 ਦਿਸੰਬਰ, 2016 ਤੱਕ ਬੋਰਡ ਦਫਤਰ ਦੇ ਸਟੋਰ ਵਿੱਚ ਵਿਸ਼ੇਸ਼ ਹਰਕਾਰੇ ਰਾਂਹੀ ਦਸਤੀ ਰੂਪ ਵਿੱਚ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ ਕਿਉਂ ਜੋ ਇਹ ਓ.ਐਮ.ਆਰ ਸ਼ੀਟਾਂ ਆਗਾਮੀ ਪ੍ਰੀਖਿਆ ਲਈ ਲੋੜੀਂਦੀਆਂ ਹਨ ਅਤੇ ਇਸ ਸਬੰਧੀ ਸੂਚਨਾ ਡੀ.ਜੀ.ਟੀ, ਨਵੀਂ ਦਿੱਲੀ ਨੂੰ ਵੀ ਪਹਿਲ ਦੇ ਆਧਾਰ ਤੇ ਭੇਜੀ ਜਾਣੀ ਹੈ। ਮਿੱਥੇ ਸਮੇਂ ਤੱਕ ਸੂਚਨਾ ਨਾ ਭੇਜਣ ਦੀ ਸੂਰਤ ਵਿੱਚ ਆਪ ਦੀ ਸੰਸਥਾ ਨੂੰ ਅਗਲੀ ਪ੍ਰੀਖਿਆ ਦੌਰਾਨ ਪ੍ਰੀਖਿਆ ਕੇਂਦਰ ਬਣਾਉਣ ਲਈ ਵਿਚਾਰਿਆ ਨਹੀਂ ਜਾਵੇਗਾ।

ਇਸ ਨੂੰ ਅਤਿ ਜ਼ਰੂਰੀ ਸਮਝਦੇ ਹੋਏ ਮਾਮਲੇ ਨੂੰ ਪਰਮ ਅਗੇਤ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ
2. ਸੀਸਟਮ ਐਡਮਿਨਸਟਰੇਟਰ
3. ਐਡਮਿਨ ਸ਼ਾਖਾ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ)
ਵਾਸਤੇ ਸਕੱਤਰ